بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 28.09.2018

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

## ਰਸੂਲੁਲੱਾਹ ਸਲਲੱਾਹੁਅਲੈਹਿ ਵਸਲਮ ਦੇ ਬਦਰੀ ਸਹਾਬਾ ਹਜ਼ਰਤ ਅਮਾਰਹ ਬਿਨ ਹਜ਼ਮ ਰਜ਼ੀ ਅਲੱਾਹ ਅਨਹੁ ਅਤੇ ਹਜ਼ਰਤ ਅਬਦੁਲੱਾਹ ਬਿਨ ਮਸਊਦ ਰਜ਼ੀ ਅਲੱਾਹ ਅਨਹੁ ਦੇ ਸਦਗੁਣਾ ਦਾ ਇਮਾਨ ਵਧਾਊ ਤੇ ਮਨ ਭਾਉਂਦਾ ਵਰਨਣ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 28 ਸਤੰਬਰ 2018 ਈ. ਨੂੰ ਮਸਜਿਦ ਬੈਤੁਲ ਫ਼ੁਤੂਹ ਮਾਰਡਨ ਲੰਦਨ ਵਿੱਚ ਦਿੱਤਾ**

ਤਸ਼ੱਹੁਦ, ਤਉਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਬੀਤੇ ਦੌਰੇ (ਯਾਤਰਾ) ਤੋਂ ਪਹਿਲਾਂ ਮੈਂ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਸਹਾਬਾ ਜੋ ਬਦਰ ਦੀ ਜੰਗ ਵਿੱਚ ਸ਼ਮਾਲ ਹੋਏ ਉਹਨਾਂ ਦਾ ਹਾਲਾਤ ਅਤੇ ਘਟਨਾਵਾਂ ਵਰਨਣ ਕਰ ਰਿਹਾ ਸੀ ਅੱਜ ਫਿਰ ਇਹੋ ਵਿਸ਼ਾ ਮੁੜ ਅਰੰਭ ਹੋਵੇਗਾ । ਅੱਜ ਜਿੰਨ੍ਹਾ ਸਹਾਬਾ ਦਾ ਵਰਨਣ ਹੈ ਉਹਨਾਂ ਵਿੱਚੋਂ ਇਕ ਹਨ ਹਜ਼ਰਤ ਅਮਾਰਹ ਰਜ਼ੀ ਅਲੱਾਹ ਅਨਹੁ, ਇਹ ਉਹਨਾਂ ਸਤੱਰ ਸਹਾਬਾ ਵਿੱਚ ਗਿਣੇ ਜਾਂਦੇ ਹਨ ਜੋ ਬੈਅਤੇ ਉਕਬਾ ਵਿੱਚ ਸ਼ਾਮਲ ਹੋਏ ਸਨ । ਇਹਨਾ ਦੇ ਭਾਈ ਹਜ਼ਰਤ ਉਮੱਰੋ ਬਿਨ ਹਜ਼ਮ ਅਤੇ ਹਜ਼ਰਤ ਮੁਅਮੱਰ ਬਿਨ ਹਜ਼ਮ ਵੀ ਸਹਾਬੀ ਸਨ । ਬਦਰ ਦੀ ਜੰਗ ਅਤੇ ਉਹਦ ਦੀ ਜੰਗ ਸਣੇ ਸਾਰੀਆਂ ਜੰਗਾ ਵਿੱਚ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਨੇ ਨਾਲ ਸ਼ਾਮਲ ਹੋਏ । ਮੱਕੇ ਦੀ ਫ਼ਤਹ ਸਮੇਂ ਬਨੂ ਮਾਲਕ ਬਿਨ ਨਜਾਰ ਦਾ ਝੰਡਾ ਇਹਨਾਂ ਦੇ ਹਥੱਾਂ ਵਿੱਚ ਸੀ । ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੀ ਵਫ਼ਾਤ ਦੇ ਬਾਦ ਜੋ ਮੁਰਤਦ ਹੋਣ ਵਾਲਿਆਂ (ਮਨਮੁਖੀਆਂ) ਦਾ ਫਿਤਨਾ ਉਠਿਆ, ਉਹਨਾਂ ਦੇ ਵਿਰੁਧ ਲੜਾਈ ਵਿੱਚ ਵੀ ਹਜ਼ਰਤ ਖ਼ਾਲਦ ਬਿਨ ਵਲੀਦ ਦੇ ਨਾਲ ਇਹ ਸ਼ਾਮਲ ਹੋਏ ਅਤੇ ਜੰਗੇ ਯਮਾਮਾ ਵਿੱਚ ਇਹਨਾਂ ਦੀ ਸ਼ਹਾਦਤ ਹੋਈ । ਇਹਨਾਂ ਦੀ ਮਾਤਾ ਦਾ ਨਾਂ ਖ਼ਾਲਦਾ ਬਿੰਤ ਅਨਸ ਸੀ । ਅਬੂਬਕਰ ਬਿਨ ਮੁਹਮੱਦ ਵਰਨਣ ਕਰਦੇ ਹਨ ਕਿ ਹਜ਼ਰਤ ਅਬਦੁਲੱਾਹ ਬਿਨ ਸਹਲ ਨੂੰ ਸੱਪ ਨੇ ਕੱਟ ਲਿਆ ਤਾਂ ਰਸੂਲੇ ਕਰੀਮ ਸਲਲੱਾਹੁ ਨੇ ਫ਼ਰਮਾਇਆ ਕਿ ਇਹਨਾਂ ਨੂੰ ਹਜ਼ਰਤ ਅਮਾਰਹ ਬਿਨ ਹਜ਼ਮ ਕੋ ਲੈ ਜਾਓ, ਉਹ ਦਮ ਕਰ ਦੇਣਗੇ ਤਾਂ ਅਲੱਾਹ ਸ਼ਿਫ਼ਾ ਦੇਵੇਗਾ । ਤਬੂਕ ਦੀ ਜੰਗ ਸਮੇਂ ਜੱਦ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਤਬੂਕ ਵੱਲ ਜਾ ਰਹੇ ਸਨ ਮਾਰਗ ਵਿੱਚ ਇਕ ਥਾਂ ਆਪ ਸਲਲੱਾਹੁ ਅਲੈਹਿ ਵਸਲਮ ਦੀ ਉਠਨੀ ਸਬਬੀ ਗੁੰਮ ਹੋ ਗਈ । ਸਹਾਬਾ ਉਸ ਨੂੰ ਲਭੱਣ ਲਈ ਨਿਕਲੇ । ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲੱਮ ਦੇ ਪਾਸ ਹਜ਼ਰਤ ਅਮਾਰਹ ਬਿਨ ਹਜ਼ਮ ਵੀ ਸਨ, ਹੌਦੇ (ਗੁਰੁਪ) ਵਿੱਚ

ਜ਼ੈਦ ਬਿਨ ਸਲਤ ਸੀ ਜੋ ਯਹੂਦੀ ਤੋਂ ਮੁਸਲਮਾਨ ਹੋਇਆ ਸੀ ਪਰ ਮਨ ਵਿੱਚ ਅਜੇ ਵੀ ਮੁਨਾਫ਼ਕੀ ਸੀ । ਕਹਿਣ ਲਗੱਾ ਕਿ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਤਾਂ ਦਾਵਾ ਕਰਦੇ ਹਨ ਕਿ ਉਹ ਨਬੀ ਹਨ ਅਤੇ ਉਹ ਤੁਹਾਨੂੰ ਅਕਾਸ਼ ਦੀਆਂ ਖ਼ਬਰਾਂ ਤੋਂ ਜਾਣੂ ਕਰਦਾ ਹੈ ਜੱਦਕਿ ਉਹ ਆਪ ਨਹੀਂ ਜਾਣਦੇ ਕਿ ਉਹਨਾ ਦੀ ਊਠਣੀ ਕਿੱਥੇ ਗਈ ਹੈ । ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਤੱਕ ਇਹ ਗੱਲ ਕਿਸੇ ਪ੍ਰਕਾਰ ਪਹੁੰਚ ਗਈ । ਆਪ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਰੱਬ ਦੀ ਸਹੁੰ ਮੈਂ ਨਹੀਂ ਜਾਣਦਾ ਸਿਵਾਏ ਉਸਦੇ ਜਿਸਦਾ ਰੱਬ ਨੇ ਮੈਂਨੂੰ ਗਿਆਨ ਦਿਤੱਾ ਹੈ ਅਤੇ ਆਪ ਨੇ ਫ਼ਰਮਾਇਆ ਉਸ ਮੁਨਾਫ਼ਕ ਦਾ ਮੂੰਹ ਬੰਦ ਕਰਨ ਲਈ ਰੱਬ ਨੇ ਮੈਂਨੂੰ ਊਠਣੀ ਬਾਰੇ ਦੱਸਿਆ ਹੈ ਕਿ ਉਹ ਫਲਾਣੀ ਘਾਟੀ ਵਿੱਚ ਹੈ ਅਤੇ ਇਕ ਘਾਟੀ ਵੱਲ ਸੰਕੇਤ ਕੀਤਾ, ਕਿ ਉਸਦੀ ਮੁਹਾਰ ਇਕ ਰੁੱਖ ਨਾਲ ਅੜ ਗਈ ਹੈ, ਸੋ, ਜਾਓ ਅਤੇ ਉਸ ਨੂੰ ਮੇਰੇ ਕੋਲ ਲੈ ਆਓ । ਇਉਂ ਸਹਾਬਾ ਉਸ ਤੱਕ ਪਹੁੰਚੇ ਅਤੇ ਉਸਨੂੰ ਲੈ ਆਏ । ਹਜ਼ਰਤ ਅਮਾਰਹ ਨੇ ਜ਼ੈਦ ਨੂੰ ਧੌਣ ਤੋਂ ਦਬੋਚ ਲਿਆ ਅਤੇ ਆਪਣੇ ਸਾਥੀਆਂ ਨੂੰ ਕਹਿਣ ਲੱਗੇ ਕਿ ਹੇ, ਰੱਬ ਦੇ ਬੰਦਿਓ ! ਮੇਰੇ ਹੌਦੇ (ਗੁਰੁਪ) ਵਿੱਚ ਇਕ ਸੱਪ ਸੀ ਅਤੇ ਮੈਂ ਉਸ ਨੂੰ ਆਪਣੇ ਹੌਦੇ ਵਿੱਚੋਂ ਕਢੱਣ ਤੋਂ ਅਣਜਾਣ ਸੀ ਅਤੇ ਜ਼ੈਦ ਨੂੰ ਸੰਬੋਧਨ ਕਰਕੇ ਕਿਹਾ ਕਿ ਭਵਿੱਖ ਵਿੱਚ ਮੇਰਾ ਤੁਹਾਡੇ ਨਾਲ ਕੋਈ ਸੰਬੰਧ ਨਹੀਂ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਦੂਜੇ ਸਹਾਬੀ ਜਿੰਨ੍ਹਾ ਦਾ ਵਰਨਣ ਹੋਵੇਗਾ ਉਹ ਹਨ, ਜਿਹਨਾਂ ਦੀ ਗਿਣਤੀ ਅਰੰਭਕ ਇਸਲਾਮ ਲਿਆਉਣ ਵਾਲਿਆਂ ਵਿੱਚ ਹੁੰਦਾ ਹੈ, ਹਜ਼ਰਤ ਅਬਦੁਲੱਾਹ ਬਿਨ ਮਸਊਦ ਵਰਨਣ ਕਰਦੇ ਹਨ ਕਿ ਮੈਂ ਇਸਲਾਮ ਕੁਬੂਲ ਕਰਨ ਵਾਲਾ ਛੇਵਾਂ ਵਿਅਕਤੀ ਸੀ । ਇਸ ਸਮੇਂ ਸੰਪੂਰਨ ਧਰਤੀ ਵਿੱਚ ਅਸੀਂ ਕੇਵਲ ਛੇ ਲੋਕਾਂ ਤੋਂ ਬਿਨਾ ਕੋਈ ਮੁਸਲਮਾਨ ਨਹੀਂ ਸੀ । ਆਪਣੇ ਇਸਲਾਮ ਕੁਬੂਲ ਕਰਨ ਦੀ ਘਟਨਾ ਵਰਨਣ ਕਰਦਿਆਂ ਹਜ਼ਰਤ ਅਬਦੁਲੱਾਹ ਬਿਨ ਮਸਊਦ ਵਰਨਣ ਕਰਦੇ ਹਨ ਕਿ ਇਕ ਦਿਨ ਉਕਬਾ ਬਿਨ ਮਈਤ ਦੀਆਂ ਬਕਰੀਆਂ ਚਰਾ ਰਿਹਾ ਸੀ, ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਆਣ ਪਧਾਰੇ ਅਤੇ ਹਜ਼ਰਤ ਅਬੂਬਕਰ ਵੀ ਆਪ ਦੇ ਨਾਲ ਸਨ । ਆਪ ਸਲਲੱਾਹੁ ਅਲੈਹਿ ਵਸਲਮ ਨੇ ਮੈਂਨੂੰ ਕਿਹਾ ਕਿ ਹੇ, ਲੜਕੇ ਤੇਰੇ ਕੋਲ ਕੁਝ ਦੁੱਧ ਹੈ ? ਮੈਂ ਅਰਜ਼ ਕੀਤੀ ਜੀ ਹਾਂ ਪਰ ਮੈਂ ਇਮਾਨਦਾਰ ਹਾਂ, ਦੇ ਨਹੀਂ ਸਕਦਾ । ਆਂਹਜ਼ੂਰ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਕੋਈ ਬਕਰੀ ਲੈ ਆਓ ਜੋ ਗਭੱਣ ਨ ਹੋਵੇ, ਮੈਂ ਇਕ ਜਵਾਨ ਬਕਰੀ ਆਪ ਦੇ ਕੋਲ ਲੈ ਗਿਆ ਤਾਂ ਰਸੂਲੇ ਖ਼ੁਦਾ ਸਲਲੱਾਹੁ ਅਲੈਹਿ ਵਸਲਮ ਨੇ ਉਸ ਦੇ ਪੈਰ੍ਹ ਬੰਨ੍ਹ ਦਿੱਤੇ, ਉਸ ਦੇ ਥਣਾ ਉਪੱਰ ਹੱਥ ਫੇਰਨਾ ਸ਼ੁਰੂ ਕੀਤਾ ਅਤੇ ਦੁਆ ਕੀਤੀ ਇੱਥੋਂ ਤੱਕ ਕਿ ਉਸਦਾ ਦੁੱਧ ਥਣਾ ਵਿੱਚ ਉਤਰ ਆਇਆ ਫਿਰ ਹਜ਼ਰਤ ਅਬੂਬਕਰ ਇਕ ਬਰਤਨ ਲੈ ਆਏ ਅਤੇ ਹਜ਼ੂਰ ਸਲਲੱਾਹੁ ਅਲੈਹਿ ਵਸਲਮ ਨੇ ਉਸ ਬਰਤਨ ਵਿੱਚ ਉਸਦਾ ਦੁੱਧ ਦੋਹਿਆ ਅਤੇ ਹਜ਼ਰਤ ਅਬੂਬਕਰ ਨੂੰ ਫ਼ਰਮਾਇਆ ਕਿ ਪੀਓ । ਹਜ਼ਰਤ ਅਬੂਬਕਰ ਨੇ ਦੁੱਧ ਪੀਤਾ, ਬਾਦ ਵਿੱਚ ਹਜ਼ੂਰ ਸਲਲੱਾਹੁ ਆਲੈਹਿ ਵਸਲਮ ਨੇ ਪੀਤਾ ਅਤੇ ਫਿਰ ਆਪਣੇ ਥਣਾ ਉਪੱਰ ਹੱਥ ਫ਼ੇਰਿਆ ਅਤੇ ਕਿਹਾ ਸੁਕੜ ਜਾਓ ਅਤੇ ਉਹ ਸੁਕੜ ਗਏ ਅਤੇ ਪਹਿਲਾਂ ਵਾਂਗ ਹੋ ਗਏ । ਮੈਂ ਬਿਨਤੀ ਕੀਤੀ ਕਿ ਹੇ ਰਸੂਲੁਲੱਾਹ ਮੈਂਨੂੰ ਵੀ ਇਸ ਕਲਾਮ ਵਿੱਚੋਂ ਕੁਝ ਸਿਖਾ ਦੇਣ ਜੋ ਆਪ ਨੇ ਪੜ੍ਹਿਆ ਹੈ । ਇਸ'ਤੇ ਆਪਨੇ ਮੇਰੇ ਸਿਰ'ਤੇ ਹੱਥ ਫੇਰਿਆ ਅਤੇ ਫ਼ਰਮਾਇਆ ਤੁਸੀਂ ਸਿੱਖੇ ਸਿਖਾਏ ਨੌਜੁਆਨ ਹੋ । ਆਪ ਵਰਨਣ ਕਰਦੇ ਹਨ ਕਿ ਮੈਂ ਆਪ ਸਲਲੱਾਹੁ ਅਲੈਹਿ ਵਸਲਮ ਤੋਂ ਕੁਰਆਨ ਕਰੀਮ ਦੀਆਂ ਸਤੱਰ ਸੂਰਤਾਂ ਯਾਦ ਕੀਤੀਆਂ ਹਨ । ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਬ ਲਿਖੱਦੇ ਹਨ, ਸੀਰਤ ਖ਼ਾਤਾਮਨੱਬੀਯੀਨ ਵਿੱਚ ਅਬਦੁਲੱਾਹ ਬਿਨ ਮਸਊਦ ਜੋ ਗ਼ਰ ਕੁਰੈਸ਼ੀ ਸਨ ਅਤੇ ਕਬੀਲਾ ਹਜ਼ੀਲ ਨਾਲ ਸੰਬੰਧ ਰਖੱਦੇ ਸਨ, ਇਕ ਬਹੁਤ ਗ਼ਰੀਬ ਵਿਅਕਤੀ ਸਨ ਅਤੇ ਅਕਬਾ ਬਿਨ ਅਬੀ ਮਈਤ ਰਈਸੇ ਕੁਰੈਸ਼ ਦੀਆਂ ਬਕਰੀਆਂ ਚਰਾਇਆ ਕਰਦੇ ਸਨ । ਇਸਲਾਮ ਲਿਆਉਣ ਤੋਂ ਬਾਦ ਇਹ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੀ ਸੇਵਾ ਵਿੱਚ ਆ ਗਏ ਅਤੇ ਆਪ ਦੀ ਸੰਗਤ ਵਿੱਚ ਰਹਿਣ ਕਰਕੇ ਅਤਿਅੰਤ

ਉਤੱਮ ਆਲਮ ਤੇ ਗਿਆਨੀ ਬਣ ਗਏ । ਫ਼ਿਕਾ ਹਨਫ਼ੀ ਦੀ ਨੀਂਹ ਬਹੁਤੀ ਇਹਨਾਂ ਦੇ ਹੀ ਕਥਨਾ ਤੇ ਵਿਚਾਰਾਂ ਉਪੱਰ ਅਧਾਰਤ ਹੈ । ਆਂਹਜ਼ੂਰ ਸਲਲੱਾਹੁ ਅਲੈਹਿ ਵਸਲਮ ਦੇ ਜਿੰਨ੍ਹਾ ਚਾਰ ਸਹਾਬਾ ਤੋਂ ਕੁਰਆਨ ਕਰੀਮ ਪੜ੍ਹਨ ਤੇ ਸਿਖੱਣ ਦੀ ਨਸੀਹਤ ਕੀਤੀ ਉਹਨਾਂ ਵਿੱਚ ਹਜ਼ਰਤ ਅਬਦੁਲੱਾਹ ਬਿਨ ਮਸਊਦ ਦਾ ਨਾਂ ਸਭ ਤੋਂ ਮੋਹਰੇ ਹੈ । ਹਦੀਸ ਵਿੱਚ ਆਉਂਦਾ ਹੈ ਕਿ ਰਸੂਲੇ ਕਰੀਮ ਸਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਸੀ ਕਿ (خذوا القرآن من اربعة من عبدالله ابن مسعود وسالم ومعاذ ابن جبل وأبي بن كعب) ਜਿੰਨ੍ਹਾ ਲੋਕਾਂ ਨੇ ਕੁਰਆਨ ਕਰੀਮ ਪੜ੍ਹਨਾ ਹੋਵੇ, ਉਹ ਇਹਨਾਂ ਚੋਹਾਂ ਤੋਂ ਕੁਰਆਨ ਕਰੀਮ ਪੜ੍ਹਨ, ਅਬਦੁਲੱਾਹ ਬਿਨ ਮਸਊਦ, ਸਾਲਮ, ਮਆਜ਼ ਬਿਨ ਜਬਲ ਅਤੇ ਰਾਅਬੀ ਬਿਨ ਕਾਅਬ । ਇਕ ਰਿਵਾਇਤ ਵਿੱਚ ਹੈ ਕਿ ਮੱਕੇ ਵਿੱਚ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਦੇ ਬਾਦ ਸਭ ਤੋਂ ਪਹਿਲਾਂ ਕੁਰਆਨ ਕਰੀਮ ਨੰ ਖੁੱਲੇ ਤੋਰ'ਤੇ ਪੜ੍ਹਨ ਵਾਲੇ ਹਜ਼ਰਤ ਅਬਦੁਲੱਾਹ ਬਿਨ ਮਸਊਦ ਹੀ ਸਨ, ਇਸ ਘਟਨਾ ਦਾ ਵਰਨਣ ਇਉਂ ਮਿਲਦਾ ਹੈ ਕਿ ਇਕ ਦਿਨ ਸਹਾਬਾ ਇਕਤੱਰ ਸਨ ਅਤੇ ਆਪੋ ਵਿੱਚ ਕਹਿ ਰਹੇ ਸਨ ਕਿ ਕੁਰੈਸ਼ ਨੇ ਕੁਰਆਨ ਕਰੀਮ ਦੀ ਉਚੀ ਅਵਾਜ ਵਿੱਚ ਤਲਾਵਤ ਕਦੇ ਨਹੀਂ ਸੁਣੀ, ਕੀ ਕੋਈ ਵਿਅਕਤੀ ਉਹਨਾਂ ਨੂੰ ਸੁਣਾ ਸਕਦਾ ਹੈ। ਹਜ਼ਰਤ ਅਬਦੁਲੱਾਹ ਬਿਨ ਮਸਊਦ ਨੇ ਕਿਹਾ ਮੈਂ ਸੁਣਾ ਸਕਦਾ ਹਾਂ । ਲੋਕਾਂ ਨੇ ਕਿਹਾ ਕਿ ਸਾਨੂੰ ਡਰ ਹੈ ਕਿ ਕਿਤੇ ਕੁਫ਼ਾਰ ਤੁਹਾਨੂੰ ਕਸ਼ਟ ਨ ਦੇਣ । ਕੋਈ ਪ੍ਰਭਾਵਸ਼ੀਲ ਵਿਅਕਤੀ ਹੋਵੇ ਕਿ ਕੁਫ਼ਾਰ ਉਸ ਨੂੰ ਮਾਰਨਾ ਵੀ ਚਾਹੁਣ ਤਾਂ ਉਸ ਦਾ ਕਬੀਲਾ ਉਸ ਨੂੰ ਬਚਾ ਲਏਗਾ । ਹਜ਼ਰਤ ਅਬਦੁਲੱਾਹ ਬਿਨ ਮਸਊਦ ਕਹਿਣ ਲੱਗੇ ਕਿ ਇਸ ਦੀ ਚਿੰਤਾ ਨ ਕਰੋ ਮੈਂਨੂੰ ਰੱਬ ਬਚਾਏਗਾ । ਅਜੀਬ ਜੋਸ਼ ਸੀ ਇਹਨਾਂ ਸਹਾਬਾ ਵਿੱਚ । ਦੂਜੇ ਦਿਨ ਚਾਸ਼ਤ (ਪਹਿਰ ਦਿਨ ਚੜ੍ਹੇ) ਸਮੇਂ ਸਵੇਰ ਨੂੰ ਇਬ੍ਰਾਹੀਮ ਦੇ ਸਥਾਨ ਉਪੱਰ ਪਹੁੰਚਕੇ ਉੱਚੀ ਅਵਾਜ਼ ਨਾਲ ਕੁਰਆਨ ਕਰੀਮ ਦੀ ਤਲਾਤ ਸ਼ੁਰੂ ਕਰ ਦਿੱਤੀ । ਬਿਸਮਿਲੱਾਹਿਰੱਹਮਾਨਿਰ ਰਹੀਮ, ਅਰੱਹਮਾਨੁ ਅਲੱਮਲ ਕੁਰਆਨ (بسم الله الرحمن الرحيم. الرحمن علم القرآن) ਪੜ੍ਹਨਾ ਸ਼ੁਰੂ ਕਰ ਦਿੱਤੀ, ਕੁਰੈਸ਼ ਜੋ ਕਿ ਆਪਣੀਆਂ ਸੰਗਤਾਂ ਵਿੱਚ ਬੈਠੇ ਸਨ ਆਪ ਦੇ ਇਸ ਕਰਮ'ਤੇ ਹੈਰਾਨ ਹੋਏ । ਕਈਆਂ ਨੇ ਕਿਹਾ ਕਿ ਇਹ ਉਹਨਾਂ ਹੀ ਪੰਕਤੀਆਂ ਵਿੱਚੋਂ ਪੜ੍ਹ ਰਹੇ ਹਨ ਜੋ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਵਰਨਣ ਕਰਦੇ ਹਨ ਇਹ ਸੁਣਕੇ ਸਾਰੇ ਹੀ ਉਠ ਖੜੇ ਹੋਏ ਅਤੇ ਆਪ ਦੇ ਮੂੰਹ ਉਪੱਰ ਮਾਰਨ ਲੱਗੇ, ਪਰ ਆਪ ਪੜ੍ਹਦੇ ਰਹੇ ਅਤੇ ਜਿੰਨ੍ਹਾ ਪੜ੍ਹਨ ਦਾ ਨਿਸ਼ਚਾ ਕੀਤਾ ਸੀ ਪੜ੍ਹਿਆ । ਬਾਦ ਵਿੱਚ ਜਦੱ ਹਜ਼ਰਤ ਅਬਦੁਲੱਾਹ ਬਿਨ ਮਸਊਦ ਸਹਾਬਾ ਕੋਲ ਵਾਪਸ ਗਏ ਤਾਂ ਆਪਦੇ ਮੂੰਹ ਉਪੱਰ ਥਪੱੜਾ ਤੇ ਚੰਡਾਂ ਦੇ ਨਿਸ਼ਾਨ ਦੇਖਕੇ ਕਹਿਣ ਲੱਗੇ ਕਿ ਸਾਨੂੰ ਇਸੇ ਗੱਲ ਦਾ ਖ਼ਤਰਾ ਸੀ ਕਿ ਤੁਹਾਨੂੰ ਮਾਰ ਪਏਗੀ । ਇਸ'ਤੇ ਹਜ਼ਰਤ ਅਬਦੁਲੱਾਹ ਬਿਨ ਮਸਊਦ ਨੇ ਕਿਹਾ ਕਿ ਇਹ ਰੱਬ ਦੇ ਦੁਸ਼ਮਣ ਮੇਰੀ ਨਜ਼ਰ ਵਿੱਚ ਇੰਨ੍ਹੇ ਨਿਰਰਥਕ ਕਦੇ ਨਹੀਂ ਸਨ ਜਿੰਨ੍ਹੇ ਉਸ ਸਮੇਂ ਸਨ ਜੱਦ ਉਹ ਮੈਂਨੂੰ ਮਾਰ ਰਹੇ ਸਨ । ਜੇਕਰ ਚਾਹੋ ਤਾਂ ਕੱਲ ਵੀ ਅਜਿਹਾ ਹੀ ਕਰਨ ਨੂੰ ਤਿਆਰ ਹਾਂ । ਸਹਾਬਾ ਨੇ ਕਿਹਾ ਨਹੀਂ ਐਨ੍ਹਾ ਹੀ ਬਹੁਤ ਹੈ ਕਿ ਤੁਸੀਂ ਉਹਨਾਂ ਨੂੰ ਉਹ ਚੀਜ਼ ਸੁਣਾ ਦਿੱਤੀ ਜਿਸਨੂੰ ਉਹ ਸੁਣਨਾ ਨਹੀਂ ਚਾਹੁੰਦੇ ਸਨ । ਹਜ਼ਰਤ ਅਬਦੁਲੱਾਹ ਬਿਨ ਮਸਊਦ ਦੇ ਇਸਲਾਮ ਕੁਬੂਲ ਕਰਨ ਦੇ ਬਾਦ ਆਂਹਜ਼ੂਰ ਸਲਲੱਾਹੁ ਅਲੈਹਿ ਵਸਲਮ ਨੇ ਉਹਨਾਂ ਨੂੰ ਆਪਣੇ ਕੋਲ ਰੱਖ ਲਿਆ । ਆਪ ਹਜ਼ੂਰ ਸਲਲੱਾਹੁ ਅਲੈਹਿ ਵਸਲਮ ਦੀ ਸੇਵਾ ਕਰਿਆ ਕਰਦੇ ਸਨ । ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਨੇ ਆਪ ਨੂੰ ਕਹਿ ਦਿਤੱਾ ਸੀ ਕਿ ਜੱਦ ਤੁਸੀਂ ਮੇਰੀ ਅਵਾਜ਼ ਸੁਣ ਲਿਆ ਕਰੋ ਅਤੇ ਘਰ ਵਿੱਚ ਪਰਦਾ ਨ ਪਿਆ ਹੋਵੇ ਤਾਂ ਬਿਨਾ ਆਗਿਆ ਅੰਦਰ ਆ ਜਾਇਆ ਕਰੋ । ਆਪ ਆਂਹਜ਼ੂਰ ਸਲਲੱਾਹੁ ਅਲੈਹਿ ਵਸਲਮ ਦੇ ਸਾਰੇ ਕੰਮ ਕਰਿਆ ਕਰਦੇ ਸਨ ਆਪ ਨੂੰ ਜੁੱਤੀ ਪੁਆਉਂਦੇ ਕਿਤੇ ਜਾਣ ਦੀ ਲੋੜ ਹੁੰਦੀ ਤਾਂ ਨਾਲ ਜਾਂਦੇ ਜੱਦ ਆਂਹਜ਼ੂਰ ਸਲਲੱਾਹੁ ਅਲੈਹਿ ਵਸਲਮ ਨਹਾਉਂਦੇ ਤਾਂ ਆਪ ਪਰਦਾ ਲੈਕੇ ਖੜੇ ਰਹਿੰਦੇ । ਅਬਦੁਲੱਾਹ ਬਿਨ ਮਸਊਦ ਰਸੂਲੁਲੱਾਹ

ਸਲਲਾਹੁ ਅਲੈਹਿ ਵਸਲਮ ਦੇ ਰਾਜ਼ਦਾਰ ਆਪ ਦਾ ਬਿਸਤਰ ਬਿਛਉਣ ਵਾਲੇ ਆਪਦੀ ਮਿਸਵਾਕ ਆਪ ਦੇ ਜੋੜੇ (ਜੁੱਤੀਆ) ਰਖੱਣ ਵਾਲੇ ਸਨ, ਵੁਜ਼ੂ ਦਾ ਪਾਣੀ ਰਖੱਣ ਵਾਲੇ ਸਨ । ਅਬੂ ਮਲੀਹ ਤੋਂ ਰਿਵਾਇਤ ਹੈ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਜੱਦ ਇਸ਼ਨਾਨ ਕਰਦੇ ਤਾਂ ਹਜ਼ਰਤ ਅਬਦੁਲੱਾਹ ਬਿਨ ਮਸਊਦ ਪਰਦਾ ਕਰਦੇ ਸਨ ਅਤੇ ਜੱਦ ਆਪ ਸੌਂਦੇ ਤਾਂ ਆਪ ਨੂੰ ਜਗਾਉਂਦੇ ਸਨ ਆਪਦੀ ਯਾਤਰਾਂ ਵਿੱਚ ਆਪ ਦੇ ਨਾਲ ਹੱਥਿਆਰਬੰਦ ਤਿਆਰ ਹੋਕੇ ਜਾਂਦੇ ਸਨ । ਹਜ਼ਰਤ ਅਬੂ ਮੂਸਾ ਰਿਵਾਇਤ ਕਰਦੇ ਹਨ ਕਿ ਜੱਦ ਅਸੀਂ ਯਮਨ ਤੋਂ ਆਏ ਤਾਂ ਅਸੀਰੰ ਇਹੋ ਸਮਝਦੇ ਸੀ ਕਿ ਹਜ਼ਰਤ ਅਬਦੁਲੱਾਹ ਬਿਨ ਮਸਊਦ ਆਂਹਜ਼ਰਤ ਸਲਲਾਹੁ ਅਲੈਹਿ ਵਸਲਮ ਦੇ ਘਰ ਵਿੱਚੋਂ ਹੀ ਹਨ ਕਿਉਂਕਿ ਉਹਨਾਂ ਦਾ ਅਤੇ ਉਹਨਾਂ ਦੀ ਮਾਤਾ ਦਾ ਆਂਹਜ਼ੂਰ ਸਲਲੱਾਹੁ ਅਲੈਹਿ ਵਸਲਮ ਦੇ ਘਰ ਆਉਣਾ ਜਾਣਾ ਬਹੁਤ ਅਧਿਕ ਸੀ । ਹਜ਼ਰਤ ਅਬਦੁਲੱਾਹ ਬਿਨ ਮਸਊਦ ਦੋਹਾਂ ਹਿਜਰਤਾਂ ਵਿੱਚ ਸ਼ਾਮਲ ਸਨ । ਹਿਜਰਤੇ ਹਬਸ਼ਾ ਵਿੱਚ ਵੀ ਅਤੇ ਹਿਜਰਤੇ ਮਦੀਨਾ ਵਿੱਚ ਵੀ । ਬਦਰ, ਉਹਦ, ਖ਼ੰਦਕ ਦੀ ਜੰਗ ਅਤੇ ਬੈਅਤੇ ਰਿਜ਼ਵਾਨ ਆਦਿ ਵਿੱਚ ਆਂਹਜ਼ੂਰ ਸਲਲੱਾਹੁ ਅਲੈਹਿ ਵਸਲਮ ਦੇ ਨਾਲ ਸ਼ਾਮਲ ਸਨ । ਆਂਹਜ਼ੂਰ ਸਲਲੱਾਹੁ ਅਲੈਹਿ ਵਸਲਮ ਦੇ ਬਾਦ ਯਰਮੂਕ ਦੀ ਜੰਗ ਵਿੱਚ ਵੀ ਸ਼ਾਮਲ ਹੋਏ । ਆਪ ਉਹਨਾਂ ਸਹਾਬਾ ਵਿੱਚ ਸ਼ਾਮਲ ਸਨ ਜਿੰਨ੍ਹਾ ਨੂੰ ਹਜ਼ੂਰ ਅਨਵਰ ਨੇ ਉਹਨਾਂ ਦੇ ਜੀਵਨ ਵਿੱਚ ਹੀ ਜਨੱਤ (ਸਵਰਗ) ਦੀ ਖ਼ੁਸ਼ਖਬਰੀ ਦੇ ਦਿੱਤੀ ਸੀ । ਬਦਰ ਦੀ ਜੰਗ ਵਿੱਚ ਅਬੂਜਿਹਲ ਨੂੰ ਅੰਜਾਮ ਤੱਕ ਪਹੁੰਚਾਉਣ ਵਿੱਚ ਹਜ਼ਰਤ ਅਮਬਦੁਲੱਾਹ ਬਿਨ ਮਸਊਦ ਦਾ ਵੀ ਹਿਸੱਾ ਹੈ । ਜੱਦ ਹਜ਼ਰਤ ਅਬਦੁਲੱਾਹ ਬਿਨ ਮਸਊਦ ਹਿਜਰਤ ਕਰਕੇ ਮਦੀਨੇ ਆਏ ਤਾਂ ਹਜ਼ਰਤ ਮਆਜ਼ ਬਿਨ ਜਬਲ ਦੇ ਘਰ ਆਪਦਾ ਪੜਾਅ ਸੀ । ਜਿੰਨ੍ਹਾ ਨੂੰ ਆਂਹਜ਼ੂਰ ਸਲਲੱਾਹੁ ਅਲੈਹਿ ਵਸਲਮ ਨੇ ਆਪਦਾ ਧਰਮ ਭਰਾ ਬਣਾਇਆ, ਮਦੀਨੇ ਦੇ ਅਰੰਭਕ ਦਿਨਾ ਵਿੱਚ ਆਪਦੇ ਆਰਥਕ ਅਵਸਥਾ ਚੰਗੀ ਨਹੀਂ ਸੀ । ਸੋ, ਹਜ਼ੂਰ ਸਲਲੱਾਹੁ ਅਲੈਹਿ ਵਸਲਮ ਨੇ ਜੱਦ ਮੁਹਾਜਰਾਂ ਲਈ ਮਸਜਿਦ ਨਬਵੀ ਦੇ ਨੇੜੇ ਰਿਹਾਇਸ਼ ਦਾ ਪ੍ਰਬੰਧ ਕੀਤਾ ਤਾਂ ਬਨੂ ਜ਼ੁਹਰਾ ਦੇ ਕੁਝ ਲੋਕਾਂ ਨੇ ਹਜ਼ਰਤ ਅਬਦੁਲੱਾਹ ਬਿਨ ਮਸਊਦ ਨੂੰ ਆਪਣੇ ਨਾਲ ਰਖੱਣ ਵਿੱਚ ਕੁਝ ਹਿਚਕਿਚਾਹਟ ਪ੍ਰਕਟ ਕੀਤੀ ਕਿ ਇਹ ਮਜ਼ਦੂਰ ਵਿਅਕਤੀ ਹੈ ਗ਼ਰੀਬ ਵਿਅਕਤੀ ਹੈ ਅਸੀਂ ਵੱਡੇ ਲੋਕ ਹਾਂ । ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੂੰ ਜੱਦ ਇਹ ਪਤਾ ਲਗੱਾ ਤਾਂ ਆਪ ਨੇ ਫ਼ਰਮਾਇਆ ਕਿ ਕੀ ਰੱਬ ਨੇ ਮੈਂਨੂੰ ਇਸ ਲਈ ਪ੍ਰਕਟ ਕੀਤਾ ਹੈ ਕਿ ਤੁਸੀਂ ਇਹ ਅੰਤਰ ਰੱਖੋ । ਚੇਤੇ ਰੱਖੋ ਰੱਬ ਉਸ ਕੌਮ ਨੂੰ ਕਦੇ ਵੀ ਬਰਕਤ ਨਹੀਂ ਦਿੰਦਾ ਜਿਸ ਵਿੱਚ ਕਮਜ਼ੋਰਾਂ ਨੂੰ ਉਸ ਦਾ ਹੱਕ ਨਹੀਂ ਦਿਤੱਾ ਜਾਂਦਾ ਅਤੇ ਫਿਰ ਹਜ਼ੂਰ ਸਲਲੱਾਹੁ ਅਲੈਹਿ ਵਸਲਮ ਨੇ ਹਜ਼ਰਤ ਅਬਦੁਲੱਾਹ ਬਿਨ ਮਸਊਦ ਨੂੰ ਮਸਜਿਦ ਨੇੜੇ ਥਾਂ ਦਿੱਤੀ । ਹਜ਼ਰਤ ਇਬਨੇ ਮਸਊਦ ਬਿਆਨ ਕਰਦੇ ਹਨ ਕਿ ਇਕ ਵਾਰ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲੱਮ ਨੇ ਮੈਂਨੂੰ ਫ਼ਰਮਾਇਆ ਕਿ ਮੈਂਨੂੰ ਸੂਰਤ ਨਿਸਾ ਪੜ੍ਹਕੇ ਸੁਣਾਓ । ਮੈਂ ਭਲਾ ਕੀ ਆਪਨੂੰ ਪੜ੍ਹਕੇ ਸੁਣਾਵਾਂ ਇਹ ਤਾਂ ਆਪ ਉਪੱਰ ਹੀ ਨਾਜ਼ਲ ਹੋਈ ਹੈ । ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਮੈਂਨੂੰ ਪਸੰਦ ਹੈ ਕਿ ਕੋਈ ਦੂਸਰਾ ਵਿਅਕਤੀ ਤਲਾਵਤ ਕਰੇ ਅਤੇ ਮੈਂ ਸੁਣਾ । ਬਿਆਨ ਕਰਦੇ ਹਨ ਕਿ ਮੈਂ ਪੜ੍ਹਨਾ ਅਰੰਭ ਕੀਤਾ ਅਤੇ ਜੱਦ ਇਸ ਆਇਤ ਉਪੱਰ ਪਹੁੰਚਿਆ ਕਿ (فَكَيْفَ إِذَا جِئْنَا مِن كُلِّ أُمَّةٍ بِشَهِيدٍ وَجِئْنَا بِكَ عَلَىٰ هَٰؤُلَاءِ شَهِيدًا ۔) ਸੋ, ਕੀ ਹਾਲ ਹੋਵੇਗਾ ਜੱਦ ਅਸੀਂ ਹਰ ਇਕ ਕੌਮ ਵਿੱਚ ਇਕ ਗਵਾਹ ਲੈਕੇ ਆਵਾਂਗੇ ਅਤੇ ਅਸੀਂ ਤੈਨੂੰ ਉਹਨਾਂ ਸਾਰਿਆਂ'ਤੇ ਗਵਾਹ ਬਣਾਕੇ ਲਿਆਵਾਂਗੇ ਤਾਂ ਆਂਹਜ਼ੂਰ ਸਲਲੱਾਹੁ ਅਲੈਹਿ ਵਸਲਮ ਦੀਆਂ ਅਖੱਾਂ ਵਿੱਚੋਂ ਹੰਝੂ ਵਗਣ ਲੱਗੇ । ਰਿਵਾਇਤ ਵਿੱਚ ਆਉਂਦਾਹੈ ਕਿ ਆਪ ਨੇ ਕਿਹਾ ਬਸ ਕਰੋ । ਇਕ ਰਿਵਾਇਤ ਵਿੱਚ ਹੈ ਕਿ ਹਜ਼ੂਰ ਸਲਲੱਾਹੁ ਅਲੈਹਿ ਵਸਲਮੱ ਨੇ ਫ਼ਰਮਾਇਆ ਕਿ : ਜਿਸ ਵਿਅਕੀ ਦੀ ਖ਼ੁਸ਼ੀ ਇਸ ਗੱਲ ਵਿੱਚ ਹੋਵੇ ਕਿ ਉਹ ਕੁਰਆਨ ਕਰੀਮ ਨੂੰ ਇਸ ਪ੍ਰਕਾਰ ਤਾਜ਼ਗੀ ਨਾਲ ਪੜ੍ਹੇ ਜਿਵੇਂ ਨਾਜ਼ਲ ਕੀਤਾ ਗਿਆ ਤਾਂ ਉਸਨੂੰ ਅਬਦੁਲੱਾਹ ਬਿਨ ਮਸਊਦ ਤੋਂ ਕੁਰਆਨ ਕਰੀਮ ਪੜ੍ਹਨਾ ਚਾਹੀਦਾ ਹੈ । ਹਜ਼ਰਤ ਅਬਦੁਰ ਰਹਮਾਨ

ਬਿਨ ਯਜ਼ੀਦ ਇਹ ਰਿਵਾਇਤ ਕਰਦੇ ਹਨ ਕਿ ਅਸੀਂ ਹਜ਼ਰਤ ਹਜ਼ੀਫ਼ਾ ਕੋਲ ਗਏ ਅਤੇ ਕਿਹਾ ਕਿ ਸਾਨੂੰ ਅਜਿਹੇ ਵਿਅਕਤੀ ਦਾ ਪਤਾ ਦਿਓ ਜੋ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੀ ਦਿਨਚਰਜਾ ਤੋਂ ਬਹੁਤਾ ਨੇੜੇ ਹੋਵੇ, ਉਸੇ ਤਰੀਕੇ ਉਪੱਰ ਚਲੱਣ ਵਾਲਾ ਹੋਵੇ ਅਤੇ ਉਹੋ ਕੰਮ ਕਰਨ ਵਾਲਾ ਹੋਵੇ ਜੋ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਕੀਤਾ ਕਰਦੇ ਸਨ ਤਾਂ ਜੋ ਅਸੀਂ ਉਸ ਤੋਂ ਸਿੱਖਿਆ ਲੈ ਸਕੀਏ ਅਤੇ ਹਦੀਸਾਂ ਸੁਣੀਏ, ਤਾਂ ਉਹਨਾਂ ਨੇ ਕਿਹਾ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਦੀ ਦਿਚਰਜਾ ਤੋਂ ਸਭ ਤੋਂ ਨੇੜੇ ਅਬਦੁਲੱਲਹ ਬਿਨ ਮਸਊਦ ਹਨ । ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਫ਼ਰਮਾਉਂਦੇ ਸਨ ਕਿ ਮੈਂਨੂੰ ਆਪਣੀ ਉਮੱਤ ਲਈ ਉਹੋ ਗੱਲਾਂ ਪਸੰਦ ਹਨ ਜੋ ਅਬਦੁਲੱਾਹ ਬਿਨ ਮਸਊਦ ਨੂੰ ਚੰਗੀਆਂ ਹਨ । ਹਜ਼ਰਤ ਅਲਕਮਹ ਤੋਂ ਰਿਵਾਇਤ ਹੈ ਕਿ ਹਜ਼ਰਤ ਅਬਦੁਲੱਾਹ ਬਿਨ ਮਸਊਦ ਨੂੰ ਉਹਨਾਂ ਦੇ ਤਰੀਕੇ, ਉਹਨਾਂ ਦੇ ਸੁੰਦਰ ਚਰਿਤ੍ਰ ਅਤੇ ਉਹਨਾਂ ਦੇ ਮਧੱਵਰਤੀ ਸੁਭਾਉ ਵਿੱਚ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨਾਲ ਤੁਲਨਾ ਦਿੱਤੀ ਜਾਂਦੀ ਸੀ । ਹਜ਼ਰਤ ਅਬਦੁਲੱਾਹ ਬਿਨ ਮਸਊਦ ਦੇ ਪੁਤੱਰ ਉਬੈਦੁਲੱਾਹ ਬਿਆਨ ਕਰਦੇ ਹਨ ਕਿ ਆਪ ਦੀ ਆਦਤ ਸੀ ਕਿ ਜੱਦ ਰਾਤ ਨੂੰ ਲੋਕ ਸੌਂ ਜਾਂਦੇ ਤਾਂ ਉਹ ਤਹਜੁੱਦ ਲਈ ਉਠਦੇ, ਇਕ ਰਾਤ ਮੈਂ ਉਹਨਾਂ ਨੂੰ ਗੁਣਗੁਣਾਉਂਦੇ ਸੁਣਿਆ ਜਿਵੇਂ ਸ਼ਹਿਦ ਦੀ ਮੱਖੀ ਗੁਣਗੁਣਾਉਂਦੀ ਹੈ । ਹਜ਼ਰਤ ਅਲੀ ਤੋਂ ਰਿਵਾਇਤ ਹੈ ਕਿ ਆਂਹਜ਼ੂਰ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਜੇਕਰ ਮੈਂ ਕਿਸੇ ਨੂੰ ਬਿਨਾ ਕਿਸੇ ਮਸ਼ਵਰੇ ਦੇ ਅਮੀਰ (ਪ੍ਰਧਾਨ) ਬਣਾਉਂਦਾ ਤਾਂ ਅਬਦੁਲੱਾਹ ਬਿਨ ਮਸਊਦ ਨੂੰ ਬਣਾਉਂਦਾ । ਹਜ਼ਰਤ ਅਬਦੁਲੱਾਹ ਬਿਨ ਮਸਊਦ ਸ਼ਰੀਰ ਤੋਂ ਪਤਲੇ, ਛੋਟੇ ਕੱਦ ਅਤੇ ਕਣਕ ਭਿੰਨੇ ਰੰਗ ਦੇ ਮਾਲਕ ਸਨ ਪਰ ਵਸਤਰ ਬਹੁਤ ਚੰਗਾ ਪਾਉਂਦੇ ਸਨ ਅਤੇ ਖ਼ੁਸ਼ਬੋ ਲਾਉਂਦੇ ਸਨ । ਹਜ਼ਰਤ ਅਲੀ ਬਿਆਨ ਕਰਦੇ ਹਨ ਕਿ ਇਕ ਵਾਰ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਕਿਸੇ ਕੰਮ ਲਈ ਅਬਦੁਲੱਾਹ ਬਿਨ ਮਸਊਦ ਨੂੰ ਇਕ ਰੁੱਖ ਉਪੱਰ ਚੜ੍ਹਨ ਦਾ ਆਦੇਸ਼ ਦਿਤੱਾ । ਸਹਾਬਾ ਆਪ ਦੀਆਂ ਪਤਲੀਆਂ ਤੇ ਵੇਖਣ ਨੂੰ ਮਾੜੀਆਂ ਪਿੰਡਲੀਆਂ ਨੂੰ ਦੇਖਕੇ ਹਸੱਣ ਲੱਗੇ ਬਹੁਤ ਕਮਜ਼ੋਰ ਜਿਹੀਆਂ ਤੇ ਪਤਲੀਆਂ ਲਤੱਾਂ ਸਨ । ਹਸੱਣ ਤੇ ਮਜ਼ਾਕ ਕਰਨ ਲੱਗੇ, ਇਸ'ਤੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਕਿਉਂ ਹਸੱਦੇ ਹੋ, ਅਬਦੁਲੱਾਹ ਦੀਆਂ ਨੇਕੀਆਂ ਦਾ ਪਲੜਾ ਕਿਯਾਮਤ ਦੇ ਦਿਨ ਉਹਦ ਪਹਾੜ ਤੋਂ ਵੱਧ ਭਾਰਾ ਹੋਵੇਗਾ । ਹਜ਼ਰਤ ਉਮਰ ਨੇ ਆਪ ਦੇ ਗਿਆਨ ਬਾਰੇ ਫ਼ਰਮਾਇਆ ਕਿ ਇਹ ਵਿਅਕਤੀ ਗਿਆਨ ਨਾਲ ਭਰਿਆ ਹੋਇਆ ਇਕ ਵਡੱਾ ਭਾਂਡਾ ਹੈ । ਹਜ਼ਰਤ ਅਬਦੁਲੱਾਹ ਬਿਦ ਮਸਊਦ ਦੇ ਵਿਦਿਅਕ ਸਥਾਨ ਅਤੇ ਮਰਤਬੇ ਦਾ ਅਨੁਮਾਨ ਇਸ ਕੰਮ ਤੋਂ ਲਾਇਆ ਜਾ ਸਕਦਾ ਹੈ ਕਿ ਜੱਦ ਹਜ਼ਰਤ ਮਆਜ਼ ਬਿਨ ਜਬਲ ਦੀ ਵਫ਼ਾਤ ਦਾ ਸਮਾਂ ਆਇਆ ਅਤੇ ਉਹਨਾਂ ਨੂੰ ਬਿਨਤੀ ਕੀਤੀ ਗਈ ਕਿ ਸਾਨੂੰ ਕੋਈ ਨਸੀਹਤ ਕਰਨ ਤਾਂ ਉਹਨਾਂ ਦੇ ਫ਼ਰਮਾਇਆ ਕਿ ਇਲਮ ਤੇ ਇਮਾਨ ਦਾ ਇਕ ਸਥਾਨ ਹੈ ਜੋ ਵੀ ਇਸ ਨੂੰ ਹਾਸਲ ਕਰਨ ਦਾ ਜਤਨ ਕਰਦਾ ਹੈ ਸਫ਼ਲ ਹੁੰਦਾ ਹੈ । ਫਿਰ ਗਿਆਨ ਤੇ ਇਮਾਨ ਸਿਖੱਣ ਲਈ ਹਜ਼ਰਤ ਮਆਜ਼ ਬਿਨ ਜਬਲ ਨੇ ਜਿੰਨ੍ਹਾ ਚਾਰ ਕਰਮਕ ਆਲਮਾਂ ਦੇ ਨਾਂ ਲਏ ਉਹਨਾਂ ਵਿੱਚ ਹਜ਼ਰਤ ਅਬਦੁਲੱਾਹ ਬਿਨ ਮਸਊਦ ਦਾ ਨਾਂ ਵੀ ਸੀ । ਹਜ਼ਰਤ ਉਸਮਾਨ ਰਜ਼ੀ ਅਲੱਾਹ ਅਨਹੁ ਹਜ਼ਰਤ ਅਬਦੁਲੱਾਹ ਬਿਨ ਮਸਊਦ ਦੇ ਅੰਤਮ ਰੋਗ ਵਿੱਚ ਆਪ ਦੀ ਪੁੱਛਗਿੱਛ ਲਈ ਆਏ ਅਤੇ ਪੁੱਛਿਆ ਕਿ ਕੀ ਆਪ ਨੂੰ ਕੋਈ ਸ਼ਿਕਾਇਤ ਹੈ ਤਾਂ ਉਹਨਾਂ ਨੇ ਅਰਜ਼ ਕੀਤੀ ਸ਼ਿਕਾਇਤ ਪੁਛੱਦੇ ਹਨ ਮੇਰੇ ਕੋਲੋਂ ਤਾਂ ਫਿਰ ਸ਼ਿਕਾਇਤ ਹੈ ਮੈਂਨੂੰ ਆਪਣੇ ਪਾਪਾਂ ਦੀ ਹੈ ਕਿ ਮੈਂ ਐਨੇ੍ਹ ਪਾਪ ਕੀਤੇ ਹਨ । ਫਿਰ ਹਜ਼ਰਤ ਉਸਮਾਨ ਨੇ ਪੁੱਛਿਆ ਕਿ ਕੀ ਆਪ ਨੂੰ ਕਿਸੇ ਚੀਜ਼ ਦੀ ਲੋੜ ਹੈ, ਉਹਨਾਂ ਨੇ ਅਰਜ਼ ਕੀਤੀ ਕਿ ਪਰਵਰਦਿਗਾਰ ਦੀ ਰਹਿਮਤ ਚਾਹੁੰਦਾ ਹਾਂ । ਹਜ਼ਰਤ ਉਸਮਾਨ ਦੇ ਕਿਹਾ ਕਿ ਆਪ ਲਈ ਕੋਈ ਚੰਗਾ ਤਬੀਬ ਲਗਾ ਦਿਆਂ ਤਾਂ ਉਹਨਾਂ ਨੇ ਅਰਜ਼ ਕੀਤੀ ਕਿ ਤਬੀਬ ਨੇ ਹੀ ਤਾਂ ਮੈਂਨੂੰ ਬਿਮਾਰ ਬਣਇਆ ਹੈ । ਅਰਥਾਤ ਰੱਬ ਦੀ ਰਜ਼ਾ ਵਿੱਚ ਰਾਜ਼ੀ ਹਾਂ । ਫਿਰ ਹਜ਼ਰਤ ਉਸਮਾਨ ਨੇ ਕਿਹਾ ਕਿ ਆਪ ਦਾ ਵਜ਼ੀਫ਼ਾ ਨਿਯੁਕਤ ਕਰ ਦਿਆਂ ਤਾਂ ਕਹਿਣ ਲੱਗੇ

ਮੈਂਨੂੰ ਇਸ ਦੀ ਲੋੜ ਨਹੀਂ । ਹਜ਼ਰਤ ਉਸਮਾਨ ਨੇ ਕਿਹਾ ਕਿ ਆਪ ਦੀ ਲੜਕੀਆਂ ਦੇ ਕੰਮ ਆਏਗਾ । ਕਹਿਣ ਲੱਗੇ ਕੀ ਆਪ ਨੂੰ ਮੇਰੀ ਲੜਕੀਆਂ ਦੇ ਮੁਥਾਜ ਹੋਂਣ ਦਾ ਖ਼ਤਰਾ ਹੈ ਜੋ ਇਹ ਗੱਲ ਕੀਤੀ ਹੈ । ਫਿਰ ਉਹਨਾਂ ਨੇ ਕਿਹਾ ਕਿ ਮੈਂ ਉਹਨਾਂ ਨੂੰ ਆਦੇਸ਼ ਦੇ ਰੱਖਿਆ ਹੈ ਕਿ ਆਪਣੀਆਂ ਬੇਟੀਆਂ ਨੂੰ ਕਿ ਹਰ ਰਾਤ ਸੂਰਤ ਵਾਕਿਆ ਪੜ੍ਹ ਲਿਆ ਕਰੋ, ਮੈਂ ਰਸੂਲੁਲੱਾਹ ਸਲਲਾਹੁ ਅਲੈਹਿ ਵਸਲਮ ਤੋਂ ਸੁਣਿਆ ਹੈ ਕਿ ਜੋ ਵੀ ਹਰ ਰੋਜ਼ ਰਾਤ ਨੂੰ ਸੂਰਤ ਵਾਕਿਆ ਪੜ੍ਹ ਲਿਆ ਕਰੇ ਉਸ ਨੂੰ ਕਦੇ ਵੀ ਫਾਕੇ ਦੀ ਔਕੜ ਨਹੀਂ ਆਏਗੀ । ਇਹ ਸੀ ਤਵਕੱਲ  ਇਲਲੱਾਹ (ਰੱਬ ਉਪੱਰ ਵਿਸ਼ਵਾਸ਼) ਅਤੇ ਸੰਤੋਖ ਦੀ ਅਵਸਥਾ ਵਿੱਚ ਚਮਕਦੇ ਸਤਾਰਿਆਂ ਦੀ । ਸਲਮਾ ਬਿਨ ਤਵਾਮ ਕਹਿੰਦੇ ਹਨ ਕਿ ਇਕ ਵਿਅਕਤੀ ਨੇ ਹਜ਼ਰਤ ਅਬਦੁਲੱਾਹ ਬਿਨ ਮਸਊਦ ਨਾਲ ਮੁਲਾਕਾਤ ਕੀਤੀ ਅਤੇ ਆਪਣਾ ਇਕ ਸੁਪਨਾ ਬਿਆਨ ਕੀਤਾ ਕਿ ਮੈਂ ਰਾਤ ਨੂੰ ਸੁਪਨੇ ਵਿੱਚ ਆਪ ਨੂੰ ਦੇਖਿਆ ਹੈ ਅਤੇ ਇਹ ਕਿ ਆਂਹਜ਼ੂਰ ਸਲਲੱਾਹੁ ਅਲੈਹਿ ਵਸਲਮ ਇਕ ਉੱਚੇ ਮੰਬਰ ਉਪੱਰ ਬੈਠੇ ਹਨ ਅਤੇ ਆਪ ਉਸ ਮੰਬਰ ਦੇ ਹੇਠਾਂ ਹਨ ਆਂਹਜ਼ੂਰ ਸਲਲੱਾਹੁ ਅਲੈਹਿ ਵਸਲਮ ਇਹ ਫ਼ਰਮਾ ਰਹੇ ਹਨ ਕਿ ਹੇ ਇਬਨੇ ਮਸਊਦ ਮੇਰੇ ਕੋਲ ਆ ਜਾਓ ਤੁਸੀਂ ਮੇਰੇ ਬਾਦ ਬਹੁਤ ਬੇਰਗ਼ਬਤੀ ਧਾਰਨ ਕਰ ਲਈ ਹੈ । ਅਬਦੁਲੱਾਹ ਬਿਨ ਮਸਊਦ ਨੇ ਪੁੱਛਿਆ ਕਿ ਰੱਬ ਦੀ ਸਹੁੰ ਕੀ ਤੂੰ ਇਹ ਸੁਪਨਾ ਦੇਖਿਆ ਹੈ ਉਸ ਵਿਅਤੀ ਦੇ ਕਿਹਾ ਹਾਂ । ਇਸ'ਤੇ ਆਪ ਨੇ ਫ਼ਰਮਾਇਆ ਕਿ ਕੀ ਤੂੰ ਮਦੀਨੇ ਤੋਂ ਮੇਰੀ ਨਮਾਜ਼ ਜਨਾਜ਼ਾਹ ਪੜ੍ਹਨ ਲਈ ਆਇਆ ਹੈਂ । ਇਸ ਦੇ ਕੁਝ ਸਮਾਂ ਬਾਦ ਹੀ ਆਪ ਦੀ ਵਫ਼ਾਤ ਹੋ ਗਈ । ਆਪ ਦੀ ਵਫ਼ਾਤ 32 ਹਿਜਰੀ ਵਿੱਚ ਮਦੀਨੇ ਵਿੱਚ ਹੋਈ । ਹਜ਼ਰਤ ਉਸਮਾਨ ਨੇ ਨਮਾਜ਼ ਜਨਾਜ਼ਾਹ ਪੜ੍ਹਾਈ ਅਤੇ ਜਨੱਤੁਲਬਕੀ ਵਿੱਚ ਦਫ਼ਨ ਹੋਏ । ਵਫ਼ਾਤ ਸਮੇਂ ਆਪ ਦੀ ਉਮਰ 60 ਸਾਲ ਤੋਂ ਕੁਝ ਉਪੱਰ ਸੀ । ਹਜ਼ਰਤ ਅਬਦੁਲੱਾਹ ਬਿਨ ਮਸਊਦ ਦੀ ਵਫ਼ਾਤ'ਤੇ ਹਜ਼ਰਤ ਅਬੂਮੂਸਾ ਨੇ ਹਜ਼ਰਤ ਅਬੂ ਮਸਊਦ ਨੂੰ ਕਿਹਾ ਕਿ ਕੀ ਆਪ ਇਹ ਸਮਝਦੇ ਹਨ ਕਿ ਹਜ਼ਰਤ ਅਬਦੁਲੱਾਹ ਬਿਨ ਮਸਊਦ ਨੇ ਆਪਣੇ ਬਾਦ ਅਜਿਹੀਆਂ ਖ਼ੂਬੀਆਂ ਵਾਲਾ ਕੋਈ ਹੋਰ ਵਿਅਕਤੀ ਪਿੱਛੇ ਛੱਡਿਆ ਹੈ । ਹਜ਼ਰਤ ਅਬੂ ਮਸਊਦ ਕਹਿਣ ਲੱਗੇ ਕਿ ਗੱਲ ਇਹ ਹੈ ਕਿ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਦੇ ਘਰ ਜੱਦ ਸਾਨੂੰ ਜਾਣ ਦੀ ਆਗਿਆ ਨ ਹੁੰਦੀ ਉਸ ਸਮੇਂ ਹਜ਼ਰਤ ਅਬਦੁਲੱਾਹ ਬਿਨ ਮਸਓਦ ਨੂੰ ਦਾਖ਼ਲ ਹੋਣ ਦੀ ਆਗਿਆ ਮਿਲਦੀ ਸੀ ਅਤੇ ਜੱਦ ਅਸੀਂ ਆਪ ਦੀ ਸੰਗਤ ਵਿੱਚ ਦਿਖਾਈ ਨ ਦਿੰਦੇ ਉਸ ਸਮੇਂ ਹਜ਼ਰਤ ਅਬਦੁਲੱਾਹ ਬਿਨ ਮਸਊਦ ਸੇਵਾ ਦਾ ਮੌਕਾ ਪਾਉਂਦੇ ਅਤੇ ਆਪ ਦੀ ਸੰਗਤ ਤੋਂ ਲਾਭਵੰਤ ਹੁੰਦੇ ਤਾਂ ਇਹ ਕਿਵੇਂ ਹੋ ਸਕਦਾ ਹੈ ਕਿ ਕੋਈ ਹੋਰ ਇਹਨਾਂ ਖ਼ੂਬੀਆਂ ਵਾਲਾ ਹੋਵੇ । ਹਜ਼ੂਰ ਅਨਵਰ ਨੇ ਫ਼ਰਮਾਇਆ : ਹਜ਼ਰਤ ਅਬਦੁਲੱਾਹ ਬਿਨ ਮਸਊਦ ਬਾਰੇ ਰਿਵਾਇਤਾਂ ਅਤੇ ਘਟਨਾਵਾਂ ਹੋਰ ਵੀ ਹਨ ਜੋ ਇੰਸ਼ਅਲੱਾਹ ਭਵਿੱਖ ਵਿੱਚ ਵਰਨਣ ਕਰਾਂਗਾ । ਅਲੱਾਹ ਤਆਲਾ ਸਾਨੂੰ ਇਹਨਾ ਚਮਕਦੇ ਹੋਏ ਸਿਤਾਰਿਆਂ ਦੇ ਪਦਚਿੰਨ੍ਹਾ ਤੇ ਆਚਰਣਾ ਉਪੱਰ ਚਲੱਣ ਦੀ ਤੌਫ਼ੀਕ ਪ੍ਰਦਾਨ ਕਰੇ ।

**Khulasa Khutba Jumma 28.09.2018**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131